| | |
|---|---|
| | BCM SCHOOL BASANT AVENUE DUGRI<br>Assignment VIII Punjabi |
| 1. | ਹੇਠ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:-( 1-3 )<br>ਲੁਧਿਆਣਾ ਜ਼ਿਲ੍ਹੇ ਦੇ ਸਰਾਭੇ ਪਿੰਡ ਵਿਚ ਜਨਮਿਆ ਉਨੀ ਸਾਲਾਂ ਦਾ ਨੌਜਵਾਨ ਕਰਤਾਰ ਸਿੰਘ ਸਰਾਭਾ ਜੋ ਪੜ੍ਹਨ ਵਿੱਚ ਕਾਫ਼ੀ ਹੁਸ਼ਿਆਰ ਸੀ।ਉਸ ਦੇ ਸਾਰੇ ਦੋਸਤ ਉਸ ਨੂੰ ਅਫਲਾਤੂਨ ਕਹਿ ਕੇ ਬੁਲਾਉਂਦੇ ਸਨ।ਉਹ ਉਚੇਰੀ ਪੜ੍ਹਾਈ ਕਰਨ ਲਈ ਅਮਰੀਕਾ ਗਿਆ। ਉੱਥੇ ਉਸ ਨੇ ਭਾਰਤੀਆਂ ਨਾਲ ਹੁੰਦੀ ਦੁਰਦਸ਼ਾ ਵੇਖੀ। ਉਸ ਕੋਲੋਂ ਰਿਹਾ ਨਾ ਗਿਆ। ਉਹ ਗ਼ਦਰ ਲਹਿਰ ਵਿੱਚ ਸ਼ਾਮਲ ਹੋ ਗਿਆ। ਉਸ ਨੇ ਗ਼ਦਰ ਲਹਿਰ ਦਾ ਉਦੇਸ਼ ਘਰ- ਘਰ ਵਿੱਚ ਪਹੁੰਚਾਇਆ ਉਹ ਅੰਗਰੇਜ਼ਾਂ ਨੂੰ ਭਾਰਤ ਦੀ ਧਰਤੀ ਤੇ ਨਹੀਂ ਸੀ ਵੇਖਣਾ ਚਾਹੁੰਦਾ। ਫਿਰ ਉਹ ਫਾਂਸੀ ਤੇ ਹੱਸਦਾ ਹੱਸਦਾ ਝੂਲ ਗਿਆ। |
| | 1.ਬਚਪਨ 'ਚ ਸਾਥੀ ਉਸ ਨੂੰ ਕੀ ਕਹਿੰਦੇ ਸਨ ?<br>੧. ਅਫਲਾਤੂਨ ੨.ਸਰਾਭਾ ੩.ਅਫਲਤੂਨ ੪.ਅਫਲਾਤਨ |
| | 2.ਸ਼ਹੀਦੀ ਵੇਲੇ ਕਰਤਾਰ ਸਿੰਘ ਸਰਾਭੇ ਦੀ ਉਮਰ ਕਿੰਨੀ ਸੀ ?<br>੧.ਅਠਾਰਾਂ ਸਾਲ ੨.ਸਤਾਰਾਂ ਸਾਲ ੩.ਸੋਲ਼ਾਂ ਸਾਲ ੪.ਉਨੀ ਸਾਲ |
| | 3.ਕਰਤਾਰ ਸਿੰਘ ਸਰਾਭੇ ਦਾ ਪਿੰਡ ਕਿਹੜੇ ਜ਼ਿਲ੍ਹੇ ਵਿੱਚ ਹੈ ?<br>੧.ਸਰਾਭਾ ੨.ਲੁਧਿਆਣਾ ੩.ਅਮਰੀਕਾ ੪.੧ਅਤੇ ੨ |
| 2 | ਅਣਡਿੱਠੀ ਕਵਿ ਟੁਕੜੀ<br>ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ, ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,<br>ਪੱਗ ਝੱਗਾ ਚਾਦਰਾ ਨਵਾਂ ਸਿਵਾਇ ਕੇ, ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ,<br>ਕੱਛੇ ਮਾਰ ਵੰਝਲੀ ਅਨੰਦ ਛਾ ਗਿਆ, ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।<br>ਪ੍ਰਸ਼ਨ ਉੱਤਰ<br>1. ਜੱਟ ਕੀ ਸਾਂਭ ਕੇ ਮੇਲੇ ਜਾਂਦਾ ਹੈ?<br>2. ਚਾਦਰਾ ਕਿਸ ਨੂੰ ਕਹਿੰਦੇ ਹਨ? |
| 3 | ਵਿਅਕਰਨ<br>1.'ਹੋਣਹਾਰ ਵਿਦਿਆਰਥੀ ਹੀ ਆਪਣੇ ਮਾਂ- ਬਾਪ ਅਤੇ ਅਧਿਆਪਕਾਂ ਦਾ ਨਾਂ ਰੌਸ਼ਨ ਕਰਦੇ ਹਨ ਵਾਕ।' ਵਿੱਚੋਂ ਹੋਣਹਾਰ ਸ਼ਬਦ ਦਾ ਸਹੀ ਪਿਛੇਤਰ ਸ਼ਬਦ ਚੁਣੋ?<br>੧.ਹਾਰ ੨. ਆਰ ੩. ਰ ੪. ਹਾਅਰ<br>2.ਮੇਰੇ ਪਿਤਾ ਜੀ ਨੇ ਆਪਣੇ ਭਰਾ ਦੀ ਬਹੁਤ ਮਦਦ ਕੀਤੀ। ਪਰ ਸਮਾਂ ਪੈਣ ਤੇ ਉਨ੍ਹਾਂ ਨੇ ਮੇਰੇ ਪਿਤਾ ਜੀ ਦੀ ਨੇਕੀ ਨੂੰ ਵੀ ਨਹੀਂ ਜਾਣਿਆ ਇਸ ਵਾਕ ਲਈ ਇਕ ਸ਼ਬਦ ਚੁਣੋ ।<br>੧.ਕ੍ਰਿਤਘਣ ੨.ਅਕ੍ਰਿਤਘਣ ੩.ਦਾਨੀ ੪.ਦਿਆਲੂ<br>3.'ਕੁਤਬ ਮੀਨਾਰ ਪੁਰਾਤਨ ਇਮਾਰਤ ਹੈ।'ਵਾਕ ਵਿਚ 'ਪੁਰਾਤਨ' ਸ਼ਬਦ ਦਾ ਵਿਰੋਧੀ ਚੁਣੋ ?<br>੧. ਨਵੀਨ ੨. ਪੁਰਾਣਾ ੩. ਅੱਧਖੜ ੪.ਸੱਜਰਾ<br>4.'ਹਵਾਈ ਕਿਲ੍ਹੇ ਉਸਾਰਨ ਵਾਲੇ ਜ਼ਿੰਦਗੀ ਵਿੱਚ ਕਦੇ ਵੀ ਸਫਲ ਨਹੀਂ ਹੁੰਦੇ।' ਮੁਹਾਵਰੇ ਲਈ ਸਹੀ ਅਰਥ ਚੁਣੋ?<br>੧. ਗੁਣ ਗਾਉਣਾ ੨. ਦੇਖ ਦੇਖ ਕੇ ਕੰਮ ਕਰਨਾ ੩.ਫ਼ਰਜ਼ੀ ਗੱਲਾਂ ਕਰਨੀਆਂ ੪. ਉੱਡਦੇ ਫਿਰਨਾ<br>5. ਵਿਸਮਿਕ ਦੀ ਪਰਿਭਾਸ਼ਾ ਦਿਓ?<br>6. ਮੁਹਾਵਰਾ ਅਰਥ + ਵਾਕ-ਪਾਣੀ ਪਾਣੀ ਹੋਣਾ, ਬੁੱਲੇ ਲੁੱਟਣਾ |

| | |
|---|---|
| 4. | ਸਹੀ ਉੱਤਰ ਦੀ ਚੋਣ ਕਰੋ -<br>1. ਰਾਹੁਲ ਨੇ ਪਰਸ ਚੁੱਕ ਕੇ ਕਿੱਥੇ ਰੱਖਿਆ?<br>੧. ਪਾਪਾ ਨੂੰ ਫੜਾ ਦਿੱਤਾ ੨. ਜਿਸ ਦਾ ਅਸੀਂ ਉਸਨੂੰ ਦੇ ਦਿੱਤਾ ੩.ਜੇਬ ਵਿੱਚ ਪਾ ਲਿਆ ੪.ਮੰਮੀ ਨੂੰ ਫੜਾ ਦਿੱਤਾ<br>2. ਕਿੰਗ ਬਰੂਟਸ ਨੇ ਕਿਸ ਤੋਂ ਪ੍ਰੇਰਨਾ ਲੈ ਕੇ ਜਿੱਤ ਪ੍ਰਾਪਤ ਕੀਤੀ?<br>੧. ਲੜਕੇ ਤੋਂ। ੨. ਮੱਕੜੀ ਤੋਂ ੩ ਛੋਟੇ ਜਿਹੇ ਬੱਚੇ ਤੋਂ ੪. ਰੇਤ ਤੋਂ<br>3. ਫੁੱਲ ਜੱਗ ਦੀ ਕੀ ਕਰਦੇ ਹਨ?<br>੧ ਮਾੜਾ ੨.ਬੁਰਾਈ ੩. ਭਲਾ ੪. ਦੁਖੀ |
| 5 | ਛੋਟੇ -ਪ੍ਰਸ਼ਨ ਉੱਤਰ<br>1. ਦਸ਼ਮੇਸ਼ ਪਿਤਾ ਕੌਣ ਸਨ?<br>2. ਫੁੱਲ ਇੱਕ ਦੂਜੇ ਦਾ ਕੀ ਪਛਾਣਦੇ ਹਨ? |
| 6 | ਵੱਡੇ -ਪ੍ਰਸ਼ਨ ਉੱਤਰ<br>1. ਕਿੰਗ ਬਰੂਟਸ ਨੇ ਕਿਸ ਤੋਂ ਪ੍ਰੇਰਨਾ ਲੈ ਕੇ ਜਿੱਤ ਪ੍ਰਾਪਤ ਕੀਤੀ, ਆਪਣੇ ਸ਼ਬਦਾਂ ਵਿੱਚ ਲਿਖੋ?<br>2. ਰਾਹੁਲ ਨੂੰ ਨੀਂਦ ਕਿਉਂ ਨਹੀਂ ਸੀ ਆ ਰਹੀ? |
| 7 | ਵੱਡਾ ਪ੍ਰਸ਼ਨ<br>1 ਸੁਆਰਥ ਦਾ ਕੀ ਅਰਥ ਹੁੰਦਾ ਹੈ ਦੁਨੀਆ ਵਿੱਚ ਜਿਆਦਾ ਕਿਹੋ ਜਿਹੇ ਲੋਕ ਹਨ। ਵਿਦਿਆਰਥੀਆਂ ਤੇ ਔਰਤਾਂ ਦਾ ਕੀ ਸੁਆਰਥ ਹੁੰਦਾ? |
| 8 | 1.ਸ਼ਬਦ ਅਰਥ -ਜਾਹਰ ਹੋਣਾ, ਸਵੱਲੀਆਂ<br>2.ਵਾਕ ਬਣਾਓ-ਵਿਰਸਾ<br>3.'ਸਰ, ਵੈਸੇ ਦੇਸੀ ਖੇਡਾਂ ਕਿਹੜੀਆਂ -ਕਿਹੜੀਆਂ ਹਨ'।ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ।<br>ਵਾਕ ਬਣਾਓ-ਰਹਿਮਤਾਂ<br>4.ਵਚਨ ਬਦਲੋ -ਉਹ ਹਮੇਸ਼ਾ ਕੌੜੀ ਗੱਲ ਕਰਦਾ ਹੈ। |